ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ),ਪੰਜਾਬ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਐਸ.ਏ.ਐਸ.ਨਗਰ
(ਅਮਲਾ-1 ਸ਼ਾਖਾ)

ਹੁਕਮ ਨੰ:ਪ/ਫ- 24/190-2015 ਅਮਲਾ1(1) 9336

ਮਿਤੀ:ਐਸ.ਏ.ਐਸ.ਨਗਰ : 15.10.2018

ਸਕੂਲ ਸਿੱਖਿਆ ਵਿਭਾਗ (ਐਲੀਮੈਂਟਰੀ) ਵਿੱਚ ਕੰਮ ਕਰਦੇ ਸੈਂਟਰ ਹੈਡ ਟੀਚਰਾਂ ਨੂੰ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਦ ਉਨਤੀ ਕਰਨ ਲਈ ਚੇਅਰਮੈਨ ਸਕਰੀਨਿੰਗ ਕਮੇਟੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਮਿਤੀ: 30.07.2018 ਵਿੱਚ ਵਿਚਾਰਨ ਉਪਰੰਤ ਯੋਗ ਪਾਏ ਕਰਮਚਾਰੀਆਂ ਦੀਆਂ ਤਰੱਕੀਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ ਅਧੀਨ ਜਿਲ੍ਹਾ ਕਾਡਰ ਗਰੁੱਪ-ਬੀ ਦੀਆਂ ਅਸਾਮੀਆਂ ਦੀ ਤਰੱਕੀ ਪ੍ਰਸੋਨਲ ਵਿਭਾਗ ਪੰਜਾਬ ਸਰਕਾਰ (ਪੀ.ਪੀ.-1 ਸ਼ਾਖਾ) ਦੇ ਅੰ:ਵਿ:ਪੱ ਨੰ: 4/43/09-3ਪੀ.ਪੀ.1/2137 ਮਿਤੀ: 10-12-2009 ਅਤੇ ਅੰ:ਵਿ:ਪੱ:ਨੰ: 4/43/09-3ਪੀ.ਪੀ.1/573 ਮਿਤੀ: 17-7-2012 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਬਿਨ੍ਹਾ ਡੀ.ਪੀ.ਸੀ. ਤੋਂ ਕੀਤੀ ਜਾਣੀ ਹੈ। ਨਾਨ ਗਜਟਿਡ ਅਧਿਕਾਰੀਆਂ ਦੀਆਂ ਇਹ ਤਰੱਕੀਆਂ ਕੇਵਲ ਕਾਇਮ ਮੁਕਾਮ ਹਨ ਅਤੇ ਸਿੱਧੀ ਭਰਤੀ ਕੋਟੇ ਦੀਆਂ 25% ਅਸਾਮੀਆਂ ਲਈ ਨਿਯਮ ਜੋ ਪਹਿਲਾਂ ਪੰਜਾਬ ਸਟੇਟ ਐਜੂਕੇਸ਼ਨ ਕਲਾਸ-3 (ਪ੍ਰਾਇਮਰੀ ਸਕੂਲ ਕਾਡਰ) ਸੇਵਾ ਨਿਯਮ, 1997 ਅਧੀਨ ਕਵਰ ਹੁੰਦੀਆਂ ਸਨ, ਨੂੰ ਹੁਣ ਬੀ- ਕੈਟਾਗਰੀ ਵਿੱਚ ਆ ਜਾਣ ਕਾਰਨ ਸਕਰੀਨਿੰਗ ਕਮੇਟੀ ਦੀ ਸਿਫਾਰਸ਼ ਅਨੁਸਾਰ ਤਨਖਾਹ ਸਕੇਲ 10300-34800+5000 ਗਰੇਡ ਪੇ ਸਕੇਲ ਵਿੱਚ ਹੇਠ ਲਿਖਤ ਅਨੁਸਾਰ ਕੀਤੀਆਂ ਜਾਂਦੀਆਂ ਹਨ :-

| ਲੜੀ ਨੰ: | ਜਿਲ੍ਹੇ ਦਾ ਨਾਂ | ਕਰਮਚਾਰੀ ਦਾ ਨਾਮ | ਸ:ਪ੍ਰ:ਸ: | ਕੈਟਾਗਰੀ | ਸੀਨੀ ਆਰਤਾ ਨੰ: | ਰਿਟਾਇਰਮੈਂਟ ਦੀ ਮਿਤੀ | ਵਿਸੇਸ ਕਥਨ |
|---|---|---|---|---|---|---|---|
| 1 | ਬਠਿੰਡਾ | ਰਾਜਾ ਸਿੰਘ | ਬੱਜੋਆਣਾ | ਐਸ.ਸੀ | 3 | 30.06.2020 | ਪਿਛਲੇ ਅ/ਜ ਦੇ ਬੈਕਲਾਗ ਦੀ ਅਸਾਮੀ ਵਿਰੁੱਧ |
| 2 | ਬਠਿੰਡਾ | ਸ਼ਸ਼ੀ ਬਾਲਾ | ਰਾਮਪੁਰਾ ਪਿੰਡ | ਜਨਰਲ | 2 | 30.06.2025 | ਆਪਣੀ ਸੀਨੀਆਰਤਾ ਤੇ |
| 3 | ਫਿਰੋਜਪੁਰ | ਸਕੁੰਤਲਾ | ਸਪ੍ਰਸ ਮੋਹਨ ਕੇ ਹਿਥਾੜ | ਐਸ.ਸੀ. | 10 | 31.07.2020 | ਪਿਛਲੇ ਅ/ਜ ਦੇ ਬੈਕਲਾਗ ਦੀ ਅਸਾਮੀ ਵਿਰੁੱਧ |
| 4 | ਫਾਜਿਲਕਾ | ਜੋਗਿੰਦਰ ਸਿੰਘ | ਮਾਹੂਆਣਾ ਬੋਦਲਾ | ਐਸ.ਸੀ | 8 | 31.03.2019 | ਪਿਛਲੇ ਅ/ਜ ਦੇ ਬੈਕਲਾਗ ਦੀ ਅਸਾਮੀ ਵਿਰੁੱਧ |
| 5 | ਜਲੰਧਰ | ਗਿਆਨ ਚੰਦ | ਮਾਣਕਰਾਏ | ਐਸ.ਸੀ | 3 | 30.11.2018 | ਪਿਛਲੇ ਅ/ਜ ਦੇ ਬੈਕਲਾਗ ਦੀ ਅਸਾਮੀ ਵਿਰੁੱਧ |
| 6 | ਲੁਧਿਆਣਾ | ਬਲਵਿੰਦਰ ਕੌਰ | ਪੱਖੋਵਾਲ (ਮੁੰ) | ਐਸ.ਸੀ | 15 | 31.03.2021 | ਸ੍ਰੀਮਤੀ ਰਛਪਾਲ ਕੌਰ, ਬੀ.ਪੀ. ਈ.ਓ ਨੂੰ ਡੀ.ਬਾਰ ਕਰਨ ਕਾਰਣ। |
| 7 | ਲੁਧਿਆਣਾ | ਮੰਗਤ ਰਾਮ | ਭੱਟੀਆਂ | ਐਸ.ਸੀ | 16 | 31.03.2021 | ਆਪਣੀ ਸੀਨੀਆਰਤਾ ਤੇ |
| 8 | ਲੁਧਿਆਣਾ | ਭੁਪਿੰਦਰ ਕੌਰ | ਢੱਟ | ਜਨਰਲ | 18 | 30.09.2021 | ਆਪਣੀ ਸੀਨੀਆਰਤਾ ਤੇ |
| 9 | ਲੁਧਿਆਣਾ | ਸੁਰਿੰਦਰ ਕੌਰ | ਸਿਆੜ੍ਹ (ਮੁੰ) | ਐਸ.ਸੀ | 19 | 30.09.2021 | ਆਪਣੀ ਸੀਨੀਆਰਤਾ ਤੇ |
| 10 | ਮੋਗਾ | ਪ੍ਰੋਮਿਲਾ ਕੁਮਾਰੀ | ਮਹੇਸ਼ਰੀ | ਜਨਰਲ | 1 | 31.01.2019 | ਆਪਣੀ ਸੀਨੀਆਰਤਾ ਤੇ |
| 11 | ਮੋਗਾ | ਸਸੀ ਬਾਲਾ | ਭੀਮਨਗਰ | ਜਨਰਲ | 3 | 30.11.2018 | ਆਪਣੀ ਸੀਨੀਆਰਤਾ ਤੇ |
| 12 | ਮਾਨਸਾ | ਸੁਖਵਿੰਦਰ ਸਿੰਘ | ਝੰਡਾ ਕਲਾਂ | ਜਨਰਲ | 30 | 31.03.2020 | ਆਪਣੀ ਸੀਨੀਆਰਤਾ ਤੇ |
| 13 | ਨਵਾਂ ਸ਼ਹਿਰ | ਕੁਲਵਿੰਦਰ ਕੌਰ | ਬੈੜਵਾ | ਜਨਰਲ | 8 | 31.03.2021 | ਆਪਣੀ ਸੀਨੀਆਰਤਾ ਤੇ |
| 14 | ਮੋਹਾਲੀ | ਕਿਰਨ ਬਾਲਾ | ਬਹਿਲੋਲਪੁਰ | ਐਸ.ਸੀ | 27 | 28.02.2026 | ਸ੍ਰੀਮਤੀ ਹਰਭਜਨ ਕੌਰ, ਬੀ.ਪੀ. ਈਓ ਨੂੰ ਡੀ.ਬਾਰ ਕਰਨ ਕਾਰਣ। |
| 15 | ਸੰਗਰੂਰ | ਦਲਜੀਤ ਕੌਰ | ਲੋਹਾ ਬਾਜਾਰ | ਜਨਰਲ | 7 | 31.05.2020 | ਸ੍ਰੀਮਤੀ ਸਿੰਬਲ ਕੌਰ, ਬੀ.ਪੀ.ਈ. ਓ ਦੀ ਰਿਟਾਇਰਮੈਂਟ ਮਿਤੀ 30. 06. 18 ਨੂੰ ਖਾਲੀ ਹੋਈ ਅਸਾਮੀ ਵਿਰੁੱਧ। |

ਇਨ੍ਹਾਂ ਪਦ ਉਨਤੀਆਂ ਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:-

1) ਇਹਨਾਂ ਤਰੱਕੀਆਂ ਲਈ ਇੱਕ ਸਾਲ ਦਾ ਪਰਖ ਕਾਲ ਹੋਵੇਗਾ। ਜੇਕਰ ਇਸ ਸਮੇਂ ਦੌਰਾਨ ਸਬੰਧਤ ਅਧਿਕਾਰੀ ਦਾ ਕੰਮ ਅਤੇ ਆਚਰਨ ਤਸੱਲੀ ਬਖਸ਼ ਨਹੀਂ ਪਾਇਆ ਗਿਆ ਤਾਂ ਪਰਖ ਕਾਲ ਸਮਾਂ ਨਿਯਮਾਂ ਅਨੁਸਾਰ ਵਧਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਕੋਈ

ਸੈਂਟਰ ਹੈੱਡ ਟੀਚਰ ਇਸ ਵੇਲੇ ਪਰਖ ਕਾਲ ਸਮੇਂ ਤੇ ਚੱਲ ਰਿਹਾ ਹੋਵੇ ਤਾਂ ਉਸ ਨੂੰ ਬੀ.ਪੀ.ਈ.ਓ. ਦੀ ਅਸਾਮੀ ਤੇ ਤਰੱਕੀ ਉਪਰੰਤ ਹਾਜਰ ਨਾ ਕਰਵਾਇਆ ਜਾਵੇ ਅਤੇ ਲਿਖਤੀ ਰੂਪ ਵਿਚ ਪੂਰੇ ਵੇਰਵਿਆ ਸਹਿਤ ਤਜਵੀਜ ਤਿਆਰ ਕਰਕੇ ਇਸ ਦਫਤਰ ਨੂੰ ਯੋਗ ਫੈਸਲੇ ਹਿੱਤ ਭੇਜੀ ਜਾਵੇ।

2) ਇਹ ਪਦ ਉੱਨਤ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਆਪਣੀ ਹਾਜਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਮਿਤੀ 12/10/2018 ਤੱਕ ਪੇਸ਼ ਕਰਨਗੇ।

3) ਇਹ ਹੁਕਮ ਪਦ ਉੱਨਤ ਹੋਏ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਦੇ ਹਾਜਰ ਹੋਣ ਦੀ ਮਿਤੀ ਤੋਂ ਹੀ ਲਾਗੂ ਹੋਣਗੇ।

4) ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਇਸ ਦਫਤਰ ਨੂੰ ਨਿਸ਼ਚਿਤ ਮਿਤੀ ਤੱਕ ਹਾਜਰ ਨਾ ਹੋਣ ਵਾਲੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀ ਰਿਪੋਰਟ ਲਿਖਤੀ ਰੂਪ ਵਿੱਚ ਮਿਤੀ 12/10/2018 ਤੱਕ ਹਰ ਹਾਲਤ ਵਿਚ ਪੇਸ਼ ਕਰਨਾਂ ਯਕੀਨੀ ਬਣਾਉਣਗੇ। ਤਰੱਕੀ ਉਪਰੰਤ ਹਾਜਰ ਨਾ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨੂੰ 02 ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ।

5) ਇਹਨਾਂ ਤਰੱਕੀਆਂ ਤੇ ਵੱਖ-ਵੱਖ ਮਾਨਯੋਗ ਅਦਾਲਤਾਂ ਵਲੋਂ ਵੱਖ-ਵੱਖ ਕੋਰਟ ਕੇਸਾਂ ਵਿਚ ਸਮੇਂ-ਸਮੇਂ ਤੇ ਕੀਤੇ ਜਾਣ ਵਾਲੇ ਫੈਸਲੇ ਲਾਗੂ ਹੋਣਗੇ।

6. ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਇਹਨਾਂ ਕਰਮਚਾਰੀਆਂ ਦੀਆਂ ਗੁਪਤ ਰਿਪੋਰਟਾਂ ਅਤੇ ਹੋਰ ਸਾਰਾ ਰਿਕਾਰਡ ਆਪਣੇ ਪੱਧਰ ਤੇ ਹਾਜਰ ਕਰਵਾਉਣ ਤੋਂ ਪਹਿਲਾਂ ਚੈੱਕ ਕਰਕੇ ਇਹ ਯਕੀਨੀ ਬਣਾਉਣਗੇ ਕਿ ਗੁਪਤ ਰਿਪੋਰਟਾਂ ਦੇ ਅੰਕ ਪੂਰੇ ਬਣਦੇ ਹਨ। ਜੇਕਰ ਕਿਸੇ ਕਰਮਚਾਰੀ ਵਿਰੁੱਧ ਕਿਸੇ ਕਿਸਮ ਦਾ ਕੋਈ ਗੰਭੀਰ ਕਿਸਮ ਦਾ ਮਾਮਲਾ ਜਾਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ)ਰੂਲਜ਼ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਨਾ ਹੋਈ ਹੋਵੇ ਜਾਂ ਦੋਸ਼ ਸੂਚੀ ਦੇ ਸਬੰਧ ਵਿਚ ਦਿੱਤੀ ਗਈ ਸਜਾ ਮੁਕੰਮਲ ਹੋਣੀ ਯਕੀਨੀ ਬਣਾਈ ਜਾਵੇ।

7. ਸਰਕਾਰ ਵਲੋਂ ਸਿੱਧੀ ਭਰਤੀ ਦੀਆਂ ਅਸਾਮੀਆਂ ਨੂੰ ਭਰਨ ਲਈ ਪ੍ਰਵਾਨਗੀ ਪ੍ਰਾਪਤ ਹੋਣ ਦੀ ਸੂਰਤ ਵਿਚ ਸਿੱਧੀ ਭਰਤੀ ਦੀਆਂ ਅਸਾਮੀਆਂ ਭਰਨ ਦੀ ਸੂਰਤ ਵਿਚ ਉਕਤ ਅਧਿਕਾਰੀਆਂ ਨੂੰ ਬਿਨ੍ਹਾਂ ਨੋਟਿਸ ਜਾਰੀ ਕੀਤੇ ਵਾਪਿਸ ਸੈਂਟਰ ਹੈੱਡ ਟੀਚਰ ਦੀ ਅਸਾਮੀ ਤੇ ਰਿਵਰਟ ਕੀਤਾ ਜਾ ਸਕਦਾ ਹੈ।

ਇੰਦਰਜੀਤ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: ਐਸ.ਏ.ਐਸ.ਨਗਰ 15-10-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ. ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਸਰਕਾਰ, ਚੰਡੀਗੜ੍ਹ।

2) ਮਾਨਯੋਗ ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ(ਸਿ-7 ਸ਼ਾਖਾ) ਚੰਡੀਗੜ੍ਹ।

3) ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਬਠਿੰਡਾ, ਫਿਰੋਜਪੁਰ, ਫਾਜਿਲਕਾ, ਜਲੰਧਰ, ਲੁਧਿਆਣਾ, ਮੋਗਾ, ਮਾਨਸਾ, ਨਵਾਂ ਸ਼ਹਿਰ, ਮੋਹਾਲੀ ਅਤੇ ਸੰਗਰੂਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਆਪਣੇ ਪੱਧਰ ਤੇ ਲਿਖਤੀ ਰੂਪ ਵਿਚ ਉਸ ਦੀ ਪਦ ਉੱਨਤੀ ਸਬੰਧੀ ਨੋਟ ਕਰਵਾਇਆ ਜਾਵੇ ਅਤੇ ਹਾਜਰ ਕਰਵਾਉਣ ਤੋਂ ਪਹਿਲਾਂ ਉਸਦਾ ਅਸਲ ਗੁਪਤ ਰਿਕਾਰਡ ਚੈਕ ਕਰਨਾ ਯਕੀਨੀ ਬਣਾਇਆ ਜਾਵੇ। ਕਰਮਚਾਰੀ ਵਿਰੁੱਧ ਕੋਈ ਸਿਕਾਇਤ ਇਨਕੁਆਰੀ ਪੈਡਿੰਗ ਨਾ ਹੋਵੇ। ਜੇਕਰ ਅਜਿਹਾ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜਰ ਨਾ ਕਰਵਾਇਆ ਜਾਵੇ ਅਤੇ ਉਸਦਾ ਕੇਸ ਡਾਇਰੈਕਟੋਰੇਟ ਨੂੰ ਭੇਜਿਆ ਜਾਵੇ। ਇਹਨਾਂ ਅਧਿਕਾਰੀ ਨੂੰ ਸਟੇਸ਼ਨ/ਬਲਾਕ ਦੀ ਅਲਾਟਮੈਂਟ ਉਹਨਾਂ ਦੀ ਚੁਆਇਸ ਕਰਵਾ ਕੇ 03 ਦਿਨਾਂ ਦੇ ਅੰਦਰ-ਅੰਦਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਪਦ ਉੱਨਤੀ ਵਾਲੇ ਹਰੇਕ ਅਧਿਕਾਰੀ ਨੂੰ ਬਲਾਕ ਅਲਾਟ ਕੀਤਾ ਜਾਵੇ ਭਾਵੇਂ ਉਹ ਤਰੱਕੀ ਲੈਣ ਤੋਂ ਇਨਕਾਰ ਕਰਦਾ ਹੋਵੇ। ਤੈਨਾਤੀ ਉਪਰੰਤ ਇਹਨਾਂ ਬੀ.ਪੀ.ਈ.ਓਜ਼ ਦੀਆਂ ਹਾਜਰੀ ਰਿਪੋਰਟਾਂ ਇਸ ਦਫਤਰ ਨੂੰ 20/10/2018 ਤੱਕ ਹਰ ਹਾਲਤ ਵਿਚ ਮੇਲ ਤੇ ਪੇਸ਼ ਕੀਤੀਆਂ ਜਾਣ। ਤੈਨਾਤੀ ਉਪਰੰਤ ਬੀ.ਪੀ.ਈ.ਓ. ਦੀ ਅਸਾਮੀ ਤੇ ਹਾਜਰ ਨਾ ਹੋਣ ਵਾਲੇ ਅਧਿਕਾਰੀਆਂ ਦੀ ਰਿਪੋਰਟ ਇਸ ਦਫਤਰ ਨੂੰ 20/10/2018 ਤੱਕ ਹਰ ਹਾਲਤ ਵਿਚ ਪੇਸ਼ ਕੀਤੀ ਜਾਵੇ ਤਾਂ ਜੋ ਇਹਨਾਂ ਅਧਿਕਾਰੀਆਂ ਨੂੰ ਅਗਲੇ 02 ਸਾਲ ਲਈ ਤਰੱਕੀ ਤੋਂ ਡੀ.ਬਾਰ ਕੀਤਾ ਜਾ ਸਕੇ।

4) ਜਿਲ੍ਹਾ ਖਜਾਨਾ ਅਫਸਰ, ਜਲੰਧਰ, ਲੁਧਿਆਣਾ, ਮੋਹਾਲੀ ਅਤੇ ਸੰਗਰੂਰ।

5) ਸਬੰਧਤ ਕਰਮਚਾਰੀ।

6) ਐਮ.ਆਈ.ਐਸ ਵਿੰਗ, ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਵੈੱਬਸਾਈਟ ਅਤੇ ਨੋਟਿਸ ਬੋਰਡ ਤੇ ਅਪਲੋਡ ਕਰਨ ਲਈ।

15/10/18

ਸਹਾਇਕ ਡਾਇਰੈਕਟਰ (ਅਮਲਾ)